# ਪ੍ਰੈਸ ਨੋਟ

ਡਾ: ਸੰਦੀਪ ਗਰਗ ਆਈ.ਪੀ.ਐਸ ਐਸ.ਐਸ.ਪੀ ਸੰਗਰੂਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿਲ੍ਹਾ ਪੁਲਿਸ ਸੰਗਰੂਰ ਵੱਲੋਂ ਨਸ਼ਾ ਵਿਰੋਧੀ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਦੌਰਾਨ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਸੀ.ਆਈ.ਏ ਬਹਾਦਰ ਸਿੰਘ ਵਾਲਾ ਦੀ ਪੁਲਿਸ ਪਾਰਟੀ ਨੇ **01 ਨਸ਼ਾ ਤਸਕਰ ਨੂੰ ਕਾਬੂ ਕਰਕੇ 01 ਲੱਖ ਨਸ਼ੀਲੀਆਂ ਗੋਲੀਆਂ, 20,000/- ਰੁਪਏ ਡਰੱਗ ਮਨੀ ਸਮੇਤ ਮੋਟਰਸਾਇਕਲ ਬ੍ਰਾਮਦ ਕੀਤਾ।**

ਡਾ. ਗਰਗ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ:ਥ: ਕੇਵਲ ਕ੍ਰਿਸ਼ਨ ਸੀ.ਆਈ.ਏ ਬਹਾਦਰ ਸਿੰਘ ਵਾਲਾ ਨੇ ਸਮੇਤ ਪੁਲਿਸ ਪਾਰਟੀ ਦੇ ਦੌਰਾਨੇ ਗਸਤ ਬਾਹੱਦ ਪੁੱਲ ਸੂਆ ਚੱਠਾ ਨਨਹੇੜਾ ਰੋਡ ਸੁਨਾਮ ਤੋਂ **ਜਗਮੀਰ ਸਿੰਘ ਉਰਫ ਕਾਲਾ** ਪੁੱਤਰ ਲਾਭ ਸਿੰਘ ਵਾਸੀ ਚੂੜਲ ਕਲਾਂ ਥਾਣਾ ਲਹਿਰਾ ਨੂੰ ਮੋਟਰਸਾਇਕਲ ਨੰਬਰ PB-13-BD-1381 ਮਾਰਕਾ ਬਜਾਜ ਪਲਾਟੀਨਾ ਸਮੇਤ ਕਾਬੂ ਕਰਕੇ ਮੋਟਰਸਾਇਕਲ ਦੇ ਪਿੱਛੇ ਬੰਨੇ ਥੈਲਾ ਪਲਾਸਟਿਕ ਵਿੱਚੋਂ 27000 ਨਸੀਲੀਆਂ ਗੋਲੀਆਂ ਮਾਰਕਾ ਟਰਾਂਮਾਡੋਲ ਬ੍ਰਾਂਮਦ ਕੀਤੀਆਂ। ਇਸਦੇ ਖਿਲਾਫ **ਮੁਕੱਦਮਾ ਨੰਬਰ 231 ਮਿਤੀ 09.12.2018 ਅ/ਧ 21/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ ਸੁਨਾਮ** ਦਰਜ ਰਜਿਸਟਰ ਕਰਕੇ ਤਫਤੀਸ਼ ਅਮੱਲ ਵਿੱਚ ਲਿਆਂਦੀ ਗਈ ਤਾਂ ਦੌਰਾਨੇ ਪੁੱਛ-ਗਿੱਛ ਦੋਸੀ ਜਗਮੀਰ ਸਿੰਘ ਉਕਤ ਦੀ ਨਿਸ਼ਾਨਦੇਹੀ ਤੇ ਉਸਦੇ **ਪਸ਼ੂਆਂ ਵਾਲੇ ਘਰ ਵਿੱਚੋਂ** 68200 ਨਸੀਲੀਆਂ ਗੋਲੀਆਂ ਮਾਰਕਾ ਟਰਾਂਮਾਡੋਲ ਅਤੇ 4800 ਨਸੀਲੀਆਂ ਗੋਲੀਆਂ ਮਾਰਕਾ ਅਲਪਰਾਜੋਮ ਸਮੇਤ 20,000/- **ਰੁਪਏ** ਦੀ ਡਰੱਗ ਮਨੀ ਬਰਾਮਦ ਕਰਵਾਈ ਗਈ, ਜੋ ਇਸ ਤਰਾਂ ਉਕਤ ਦੋਸੀ ਪਾਸੋਂ ਕੁੱਲ 01 ਲੱਖ ਨਸੀਲੀਆਂ ਗੋਲੀਆਂ ਬ੍ਰਾਮਦ ਹੋਈਆਂ। ਦੌਰਾਨੇ ਪੁੱਛ ਗਿੱਛ **ਦੋਸੀ ਜਗਮੀਰ ਸਿੰਘ ਉਕਤ ਨੇ ਦੱਸਿਆ ਕਿ ਉਸ ਨੂੰ ਇਹ ਨਸੀਲੀਆਂ ਗੋਲੀਆਂ ਹਰਿਆਣਾ ਸਟੇਟ ਤੋਂ ਸੋਨੂੰ ਨਾਮ ਦਾ ਵਿਅਕਤੀ ਦੇ ਕੇ ਜਾਂਦਾ ਸੀ, ਜਿਸਤੇ ਦੋਸੀ ਮੰਗ ਅਨੁਸਾਰ ਅੱਗੇ ਸਪਲਾਈ ਦੇ ਦਿੰਦਾ ਸੀ,** ਪੁੱਛ ਗਿੱਛ ਜਾਰੀ ਹੈ।